# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ (ਮੁਹਾਲੀ) ,ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) (ਨੋਟਿਸ ਬੋਰਡ ਰਾਹੀਂ)
2. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਨੋਟਿਸ ਬੋਰਡ ਰਾਹੀਂ)
3. ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ. **Samagra/Plan/**2019/155464 ਮਿਤੀ:28/05 **/ 2019**

ਵਿਸ਼ਾ:-ਸਕੂਲ/ਸਿੱਖਲਾਈ ਸੰਸਥਾਵਾਂ ਵਿੱਚ **"World No Tobacco Day"** ਮਨਾਉਣ ਸਬੰਧੀ।

ਹਵਾਲਾ: ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਤੰਬਾਕੂ ਕੰਟਰੋਲ ਸੈਲ) ਪੰਜਾਬ ਦਾ ਪੱਤਰ ਨੰ. ਤੰਬਾਕੂ.ਕੰਟਰੋਲ.ਸੈਲ.ਪੰ./2019/1092 ਮਿਤੀ 14/05/2019

1.0 ਜਿਵੇਂ ਕਿ ਆਪ ਸਭ ਜਾਣਦੇ ਹੋ ਕਿ ਵਿਸ਼ਵ ਭਰ ਵਿੱਚ 31 ਮਈ ਨੂੰ World No Tabacco Day ਦਿਵਸ ਮਨਾਇਆ ਜਾਂਦਾ ਹੈ।

2.0 ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਦਿਨ " Tobacco and Lung Health" ਥੀਮ ਨਾਲ ਮਨਾਇਆ ਜਾਣਾ ਹੈ। ਇਸ ਸਬੰਧ ਵਿੱਚ ਤੰਬਾਕੂ ਕੰਟਰੋਲ ਸੈਲ ਪੰਜਾਬ ਵੱਲੋਂ ਤੰਬਾਕੂ ਵਿਰੁੱਧ ਸਾਰੇ ਜਿਲ੍ਹਿਆਂ ਵਿੱਚ 21 ਤੋਂ 31 ਮਈ ਤੱਕ special campaign ਚਲਾਈ ਜਾ ਰਹੀ ਹੈ।

3.0 ਸਕੂਲ/ਸਿਖਲਾਈ ਸੰਸਥਾਵਾਂ ਨੂੰ ਤੰਬਾਕੂ ਫਰੀ ਬਣਾਉਣ ਅਤੇ ਤੰਬਾਕੂ ਦੇ ਸੇਵਨ ਦੇ ਮਾੜੇ ਪ੍ਰਭਾਵਾਂ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਆਪ ਸਭ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਵਿੱਚ 21-31 ਮਈ ਤੱਕ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਵਾਉਣਾ ਯਕੀਨੀ ਬਣਾਇਆ ਜਾਵੇ:

i. ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਆਪਣੇ ਦਫ਼ਤਰ/ਸਕੂਲ ਦੇ ਅਮਲੇ ਨਾਲ ਮੀਟਿੰਗ ਕੀਤੀ ਜਾਵੇ ਅਤੇ ਸਮੂਹ ਅਮਲੇ ਨੂੰ ਕੋਟਪਾ ਐਕਟ 2003 ਦੀ ਧਾਰਾ 6 ਅਤੇ Juvenile Justice Act 2005 ਬਾਰੇ ਜਾਣੂ ਕਾਵਾਇਆ ਜਾਵੇ। (ਐਕਟਾਂ ਦਾ ਵਿਸਥਾਰ ਸਹਿਤ ਵੇਰਵਾ http:/pbhealth.gov.in/tobacco.html ਤੇ ਉਪਲੱਬਧ ਹੈ)

ii. ਤੰਬਾਕੂ ਕੰਟਰੋਲ ਸਬੰਧੀ ਹਰ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ, ਹਰ ਸਿੱਖਿਆ ਤੇ ਸਿਖਲਾਈ ਸੰਸਥਾ ਅਤੇ ਹਰ ਸਕੂਲ ਵਿਖੇ ਤੰਬਾਕੂ ਕੰਟਰੋਲ ਐਕਟ ਦੀ ਪਾਲਣਾ ਹਿੱਤ ਇੱਕ ਨੋਡਲ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਨੋਡਲ ਅਫਸਰ ਦਾ ਨਾਮ ਤੇ ਸੰਪਰਕ ਨੰਬਰ ਸਕੂਲ/ਸਿਖਲਾਈ ਸੰਸਥਾ/ਜਿਲ੍ਹਾ ਸਿੱਖਿਆ ਦਫਤਰ ਦੀ ਬਾਹਰਲੀ ਦੀਵਾਰ ਤੇ ਪ੍ਰਦਰਸ਼ਿਤ ਕੀਤਾ ਜਾਵੇ।

iii. ਹਰ ਸਕੂਲ/ਸਿਖਲਾਈ ਸੰਸਥਾ ਵਿਖੇ ਪਹਿਲਾਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਣਾਈ ਗਈ ਤੰਬਾਕੂ ਕੰਟਰੋਲ ਕਮੇਟੀ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲ/ਸਿਖਲਾਈ ਸੰਸਥਾ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਅਤੇ ਤੰਬਾਕੂ ਯੁਕਤ ਪਦਾਰਥ (ਗੁਟਕਾ, ਪਾਨ ਮਸਾਲਾ ਆਦਿ) ਦੀ ਵਿਕਰੀ ਨਹੀਂ ਹੋ ਰਹੀ। ਇਸ ਕਮੇਟੀ ਵੱਲੋ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਸਬੰਧੀ ਜਰੂਰੀ ਸੰਕੇਤ ਸਕੂਲ ਦੇ ਮੁੱਖ ਗੇਟ ਅਤੇ ਬ੍ਹਾਹਰੀ ਦੀਵਾਰਾਂ ਦੇ ਦਰਸਾਏ ਗਏ ਹਨ।

iv. ਜੇਕਰ ਸਕੂਲ/ਸਿਖਲਾਈ ਸੰਸਥਾ ਦੇ 100 ਗਜ਼ ਦੇ ਘੇਰੇ ਅੰਦਰ ਕੋਈ ਵੀ ਤੰਬਾਕੂ ਉਤਪਾਦਾਂ ਦੀ ਵਿਕਰੀ ਪਾਈ ਜਾਂਦੀ ਹੈ, ਤਾਂ ਉਸ ਨੂੰ ਬੰਦ ਕਰਵਾਉਣ ਲਈ ਪੁਲਿਸ ਅਤੇ ਪੰਚਾਇਤ/ਮਿਉਂਸਪਲ ਕਮੇਟੀ ਦੀ ਮਦਦ ਲਈ ਜਾਵੇ।

v. ਹਰ ਸਕੂਲ/ਸਿਖਲਾਈ ਸੰਸਥਾ ਆਪਣੇ ਆਪ ਨੂੰ ਤੰਬਾਕੂ ਮੁਕਤ ਘੋਸ਼ਿਤ ਕਰੇ ਅਤੇ ਇਸ ਸਬੰਧ ਵਿੱਚ "ਇਹ ਇਮਾਰਤ ਤੰਬਾਕੂ ਮੁਕਤ ਹੈ" ਦੇ ਪੋਸਟਰ ਸਕੂਲਾਂ ਵਿੱਚ ਲਗਾਏ ਜਾਣ। (Annexure A)

vi. ਮਿਤੀ 21 ਤੋਂ 31 ਮਈ ਤੱਕ ਆਪਣੀ ਸੁਵਿਧਾ ਅਨੁਸਾਰ ਕਿਸੇ ਵੀ ਇੱਕ ਦਿਨ ਸਕੂਲ/ਸਿਖਲਾਈ ਸੰਸਥਾਵਾਂ ਵੱਲੋਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਜਿਸ ਤਹਿਤ ਹਰ ਸਕੂਲ/ਸਿਖਲਾਈ ਸੰਸਥਾ ਵਿੱਚ ਸੈਮੀਨਾਰ, ਭਾਸ਼ਣ ਪ੍ਰਤੀਯੋਗਿਤਾ, ਕਵਿਤਾ ਤੇ ਲੇਖ ਪ੍ਰਤੀਯੋਗਿਤਾ, ਤੰਬਾਕੂ ਵਿਰੋਧੀ ਸਲੋਗਨ, ਪੇਟਿੰਗ ਮੁਕਾਬਲੇ ਅਤੇ ਨਾਟਕ/ਨੁਕੜ ਨਾਟਕ ਆਦਿ ਕਰਵਾਏ ਜਾਣ ਅਤੇ ਸਥਾਨਕ ਲੋਕਾਂ ਨੂੰ ਜਾਗਰੂਕ ਕਰਨ ਲਈ ਰੈਲੀਆਂ ਵੀ ਕੱਢੀਆਂ ਜਾਣ।

vii. ਹਰ ਸਕੂਲ/ਸਿਖਲਾਈ ਸਸੰਥਾ ਵਿਖੇ ਸਮੂਹ ਸਟਾਫ ਅਤੇ ਵਿਦਿਆਰਥੀਆ ਵੱਲੋਂ ਮਿਤੀ 31 ਮਈ, 2019 ਨੂੰ ਸਵੇਰ ਦੀ ਸਭਾ ਵਿੱਚ ਇਹ ਸਹੁੰ ਚੁਕੀ ਜਾਵੇ:
**"ਮੈ ਵਾਅਦਾ ਕਰਦਾ/ਕਰਦੀ ਹਾਂ ਕਿ ਮੈਂ ਪੂਰੀ ਜਿੰਦਗੀ ਕਿਸੇ ਵੀ ਤਰ੍ਹਾਂ ਦੇ ਤੰਬਾਕੂ ਪਦਾਰਥ ਦੀ ਕਿਸੇ ਵੀ ਰੂਪ ਵਿੱਚ ਵਰਤੋਂ ਨਹੀਂ ਕਰਾਂਗਾ/ਕਰਾਂਗੀ। ਮੈਂ ਇਹ ਵੀ ਵਾਅਦਾ ਕਰਦਾ/ਕਰਦੀ ਹਾਂ ਕਿ ਜੇਕਰ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਜਾਂ ਰਿਸ਼ਤੇਦਾਰ ਅਤੇ ਮਿੱਤਰ ਕਿਸੇ ਵੀ ਰੂਪ ਵਿੱਚ ਤੰਬਾਕੂ ਦੀ ਵਰਤੋਂ ਕਰਦਾ/ਕਰਦੀ ਹੈ ਤਾਂ ਮੈਂ ਉਸ ਨੂੰ ਤੰਬਾਕੂ ਦੇ ਮਾੜੇ ਸੇਵਨ ਬਾਰੇ ਜਾਗਰੂਕ ਕਰਾਂਗਾ/ਕਰਾਂਗੀ ਅਤੇ ਉਸ ਦੀ ਇਹ ਆਦਤ ਛੁਡਵਾਉਣ ਵਿੱਚ ਉਸਦੀ ਮਦਦ ਕਰਾਂਗਾ/ਕਰਾਂਗੀ।"**

4.0 ਜਿਲ੍ਹਾ ਸਿੱਖਿਆ ਅਫਸਰ ਵੱਲੋਂ ਉਕਤ ਸਬੰਧੀ ਕੀਤੀ ਗਈ ਕਾਰਵਾਈ ਦੀ ਕੰਪਾਈਲ ਰਿਪੋਰਟ ਦੀ ਕਾਪੀ ਮੁੱਖ ਦਫਤਰ ਦੀ ਈ-ਮੇਲ ਆਈ.ਡੀ rmsaplan.punjab@gmail.com ਅਤੇ ਤੰਬਾਕੂ ਕੰਟਰੋਲ ਸੈੱਲ ਪੰਜਾਬ ਦੀ ਈ-ਮੇਲ tobaccocontrolcellpunjab@yahoo.com ਤੇ ਭੇਜਣੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।

ਮੀਮੋ ਨੰ. **Samagra/Plan**/2019 / 8123 ਮਿਤੀ:28/05/ **2019**

ਉਪਰੋਕਤ ਦਾ ਉਤਾਰਾ ਸਟੇਟ ਪ੍ਰੋਗਰਾਮ ਅਫਸਰ, ਤੰਬਾਕੂ ਕੰਟਰੋਲ ਸੈੱਲ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।